بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 27.05.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਅਸੀਂ ਰੱਬ ਦਾ ਸ਼ੁਕਰ ਕਰਦੇ ਹਾਂ ਕਿ ਰੱਬ ਨੇ ਸਾਨੂੰ ਖਿੰਡ ਪੁੰਡ ਜਾਣ ਤੋਂ ਬਚਾ ਲਿਆ, ਸਾਨੂੰ ਇਕ ਲੜੀ ਵਿੱਚ ਪਿਰੋ ਦਿੱਤਾ ਅਤੇ ਇਸ ਹਵਾਲੇ ਨਾਲ ਅਸੀਂ ਇਹ ਵੀ ਪ੍ਰਣ ਕਰਦੇ ਹਾਂ ਕਿ ਅਸੀਂ ਖ਼ਿਲਾਫ਼ਤੇ ਅਹਮਦੀਆ ਦੀ ਸਥਾਪਨਾ ਅਤੇ ਇਸ ਨੂੰ ਹਮੇਸ਼ਾ ਜਾਰੀ ਰਖੱਣ ਲਈ ਹਰ ਪ੍ਰਕਾਰ ਦੀ ਕੁਰਬਾਨੀ ਲਈ ਤਿਆਰ ਬਰ ਤਿਆਰ ਰਹਾਂਗੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਬਾਦ ਜਾਰੀ ਖ਼ਿਲਾਫ਼ਤ ਦੀ ਵਿਵਸਥਾ ਨੇ ਨ ਕੇਵਲ ਮੰਨ੍ਹਣ ਵਾਲਿਆਂ ਦਾ ਮਾਰਗਦਰਸ਼ਨ ਕੀਤਾ ਅਤੇ ਕਰਦਾ ਹੈ ਸਗੋਂ ਹੋਰਨਾ ਨੂੰ, ਇਸਲਾਮ ਤੋਂ ਡਰਨ ਵਾਲਿਆਂ ਨੂੰ ਵੀ ਸਹੀ ਤੇ ਸੱਚੇ ਇਸਲਾਮ ਦੀ ਸਿੱਖਿਆ ਦੇ ਨਮੂਨੇ ਦਿਖਉਂਦਾ ਹੈ ।

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 27 ਮਈ 2016 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ 27ਮਈ ਹੈ ਅਤੇ ਜਿਵੇਂ ਕਿ ਹਰ ਅਹਮਦੀ ਜਾਣਦਾ ਹੈ ਕਿ ਇਸ ਦਿਨ ਜਮਾਤ ਅਹਮਦੀਆ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦੇਹਾਂਤ ਮਗਰੋਂ ਖ਼ਿਲਾਫ਼ਤ ਅਰੰਭ ਹੋਈ ਅਤੇ ਇਸ ਪੱਖੋਂ ਜਮਾਤ ਵਿੱਚ ਇਹ ਦਿਨ 'ਯੌਮੇ ਖ਼ਿਲਾਫ਼ਤ' ਦੇ ਨਾਂ ਨਾਲ ਜਾਣਿਆਂ ਜਾਂਦਾ ਹੈ । ਅਸੀਂ ਰੱਬ ਦਾ ਸ਼ੁਕਰ ਕਰਦੇ ਹਾਂ ਕਿ ਰੱਬ ਨੇ ਸਾਨੂੰ ਖਿੰਡ ਪੁੰਡ ਜਾਣ ਤੋਂ ਬਚਾ ਲਿਆ ਅਤੇ ਸਾਨੂੰ ਇਕ ਲੜੀ ਵਿੱਚ ਪਿਰੋ ਦਿੱਤਾ ਅਤੇ ਇਸ ਹਵਾਲੇ ਨਾਲ ਅਸੀਂ ਇਹ ਪ੍ਰਣ ਵੀ ਕਰਦੇ ਹਾਂ ਕਿ ਅਸੀਂ ਖ਼ਿਲਾਫ਼ਤੇ ਅਹਮਦੀਆ ਦੀ ਸਥਾਪਨਾ ਅਤੇ ਇਸ ਨੂੰ ਹਮੇਸ਼ਾ ਜਾਰੀ ਰਖੱਣ ਲਈ ਹਰ ਪ੍ਰਕਾਰ ਦੀ ਕੁਰਬਾਨੀ ਲਈ ਤਿਆਰ ਬਰ ਤਿਅਰ ਰਹਾਂਗੇ (ਇੰਸ਼ਾਅਲੱਾਹ) । ਜਮਾਤ ਅਹਮਦੀਆ ਦਾ ਲੰਘਿਆ 108 ਵਰ੍ਹਿਆਂ ਦਾ ਇਤਿਹਾਸ ਇਸ ਗੱਲ'ਤੇ ਗਵਾਹ ਹੈ ਕਿ ਇਸ ਪ੍ਰਣ ਨੂੰ ਪੂਰਾ ਕਰਨ ਲਈ ਇਕ ਮਗਰੋ ਦੂਜੀ ਪੀੜ੍ਹੀ ਨੇ ਪੱਕੇ ਪੈਰ੍ਹੀਂ ਕੁਰਬਾਨੀਆਂ ਦਿੱਤੀਆਂ । ਅਲੱਾਹ ਤਆਲਾ ਭਵਿੱਖ ਵਿੱਚ ਵੀ ਜਮਾਤ ਦੇ ਹਰ ਇਕ ਵਿਅਕਤੀ ਨੂੰ ਜੋ ਇਸ ਸਮੇਂ ਜਮਾਤ ਵਿੱਚ ਹਨ ਅਤੇ ਜੋ ਭਵਿੱਖ ਵਿੱਚ ਜਮਾਤ ਵਿੱਚ ਸ਼ਾਮਲ ਹੋਣਗੇ ਇਸ ਪ੍ਰਣ ਨੂੰ ਨਿਭਾਉਣ ਦੀ ਤੌਫ਼ੀਕ ਪ੍ਰਦਾਨ ਕਰਦਾ ਰਹੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੇ ਪ੍ਰਗਟ ਹੋਣ ਦਾ ਉਦੇਸ਼ ਬੰਦੇ ਨੂੰ ਰੱਬ ਨੇੜੇ ਲਿਆਉਣਾ ਅਤੇ ਰੱਬ ਦੇ ਸਾਰੇ ਹੱਕ ਪੂਰੇ ਕਰਨਾ ਦੱਸਿਆ ਹੈ ।

ਬੀਤੇ ਦਿਨੀ ਮੈਂ ਸਕੰਡੇਨੇਵੀਆ (Scandinavia) ਦੇਸ਼ ਦੇ ਦੌਰੇ ਉਪੱਰ ਸੀ, ਤਾਂ ਓਥੋਂ ਦੇ ਪਤੱਰਕਾਰਾਂ ਤੇ ਵਿਦਿਅਕ ਲੋਕਾਂ ਨੇ ਇਹ ਪ੍ਰਸ਼ਨ ਕੀਤਾ ਕਿ ਤੁਹਾਡੇ ਉਦੇਸ਼ ਕੀ ਹਨ । ਮੈਂ ਉਹਨਾਂ ਨੂੰ ਇਹੋ ਦਸੱਦਾ ਰਿਹਾ ਕਿ ਖ਼ਿਲਾਫ਼ਤੇ ਅਹਮਦੀਆ ਅਤੇ ਜਮਾਤ ਅਹਮਦੀਆ ਦੇ ਉਦੇਸ਼ ਉਹੋ ਹਨ ਜਿਸ ਨੂੰ ਪ੍ਰਾਪਤ ਕਰਨ ਲਈ ਰੱਬ ਨੇ ਹਜ਼ਰਤ ਮਸੀਹ ਮੌਊਦ ਅਲਹਿ ਸਲਾਮ ਨੂੰ ਭੇਜਿਆ ਸੀ ਅਤੇ ਉਹ ਇਹੋ ਹਨ ਕਿ ਬੰਦੇ ਨੂੰ ਰੱਬ ਦੀ ਨੇੜੇ ਕਰਨ ਲਈ ਭਰਪੂਰ ਜਤਨ ਕਰਨਾ ਅਤੇ ਮਾਨਵ ਜਾਤੀ ਦੇ ਹੱਕ ਪੂਰੇ ਕਰਨਾ । ਇਸ ਤੋਂ ਵੱਧ ਸਾਡਾ ਹੋਰ ਕੋਈ ਉਦੇਸ਼ ਨਹੀਂ ਹੈ ਕਿਉਂਕਿ ਅੱਜ ਅਸੀਂ ਦੁਨੀਆਂ ਵਿੱਚ ਦੇਖ ਰਹੇ ਹਾਂ ਕਿ ਦੁਨੀਆਂ ਰੱਬ ਨੂੰ ਭੁੱਲ ਰਹੀ ਹੈ ਅਤੇ ਸਾਧਾਰਣ ਤੌਰ'ਤੇ ਮਾਨਵਤਾ ਦੀ ਸੇਵਾ ਦੇ ਨਾਂ'ਤੇ ਆਪਣੇ ਹਿੱਤ ਪ੍ਰਾਪਤ ਕਰਨ ਕਰਨ ਦੇ ਜਤਨ ਕੀਤੇ ਜਾਂਦੇ ਹਨ, ਜਿਸ ਕਰਕੇ ਹੋਰ ਵਧੇਰੇ ਬੇ ਚੈਨੀਆਂ ਪੈਦਾ ਹੋ ਰਹੀਆਂ ਹਨ ਅਤੇ ਦੇਸ਼ਾਂ ਤੇ ਕੌਮਾਂ ਦੇ ਸੰਬੰਧਾ ਵਿੱਚ ਦੂਰੀਆਂ ਪੈਦਾ ਹੋ ਰਹੀਆਂ ਹਨ ।

ਇਸ ਯਾਤਰਾ ਵਿੱਚ ਰੱਬ ਦੀ ਮਿਹਰ ਨਾਲ ਮੀਡੀਆ ਨਾਲ ਵੀ ਵਾਹਵਾ ਇੰਟਰਵੀਊ ਹੋਏ । ਗ਼ੈਰਾ ਨਾਲ ਮਾਲਮੋ ਮਸਜਿਦ ਦੇ ਉਧਘਾਟਨ ਤੋਂ ਬਿਨਾ ਡੈਨਮਾਰਕ ਅਤੇ ਸਟਾਕਹੋਮ ਵਿੱਚ ਦੋ ਰਿਸੈਪਸ਼ੰਜ (Receptions) ਵੀ ਹੋਈਆਂ ਜਿਸ ਵਿੱਚ ਇਸਲਾਮ ਅਤੇ ਕੁਰਆਨ ਕਰੀਮ ਦੀ ਸਹੀ ਸਿੱਖਿਆ ਅਤੇ ਹਜਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਪਵਿਤੱਰ ਜੀਵਨ ਸ਼ੈਲੀ ਅਤੇ ਖ਼ੁਲਫ਼ਾਏ ਰਾਸ਼ਦੀਨ ਦੇ ਪਵਿੱਤਰ ਨਮੂਨਿਆਂ ਦੇ ਹਵਾਲਿਆਂ ਨਾਲ ਗੱਲਾਂ ਹੋਈਆਂ ਤਾਂ ਬਹੁਤਿਆਂ ਨੇ ਖੁੱਲਕੇ ਇਸ ਗੱਲ ਦਾ ਪ੍ਰਗਟਾਵਾ ਕੀਤਾ ਕਿ ਅੱਜ ਸਾਨੂੰ ਇਸਲਾਮ ਦੀ ਹਕੀਕੀ ਸਿੱਖਿਆ ਦਾ ਪਤਾ ਲੱਗਿਆ ਹੈ ।

ਇਸ ਗੱਲ ਦਾ ਪ੍ਰਗਟਾਵਾ ਜਿਵੇਂ ਕਿ ਮੈਂ ਕਿਹਾ ਅਧਿਕਤਰ ਲੋਕਾਂ ਨੇ ਕੀਤਾ ਕਿ ਵਾਸਤਵਿਕ ਸਿੱਖਿਆ ਦਾ ਹੁਣ ਪਤਾ ਲੱਗਾ ਹੈ ਅਤੇ ਅੱਜ ਸਾਨੂੰ ਜਮਾਤ ਅਹਮਦੀਆ ਦੇ ਖ਼ਲੀਫ਼ਾ ਤੋਂ ਇਸਲਾਮ ਦੀ ਹਕੀਕੀ ਸਿੱਖਿਆ ਦਾ ਗਿਆਨ ਹੋਇਆ ਹੈ । ਸੋ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਬਾਦ ਜਾਰੀ ਖ਼ਿਲਾਫ਼ਤ ਦੀ ਵਿਵਸਥਾ ਨੇ ਨ ਕੇਵਲ ਮੰਨ੍ਹਣ ਵਾਲਿਆਂ ਦਾ ਮਾਰਗਦਰਸ਼ਨ ਕੀਤਾ ਅਤੇ ਕਰਦਾ ਹੈ ਸਗੋਂ ਦੂਜਿਆਂ ਨੂੰ, ਇਸਲਾਮ ਤੋਂ ਡਰਨ ਵਾਲਿਆਂ ਨੂੰ ਵੀ ਸਹੀ ਤੇ ਸੱਚੇ ਇਸਲਾਮ ਦੀ ਸਿੱਖਿਆ ਦੇ ਨਮੂਨੇ ਦਿਖਾਉਂਦਾ ਹੈ । ਹਜ਼ੂਰ ਨੇ ਫ਼ਰਮਾਇਆ : ਹੋਰਨਾ ਨੂੰ ਸਾਡੇ ਫ਼ੰਕਸ਼ਨਾ ਉਪੱਰ ਆਣਕੇ ਕੀ ਪ੍ਰਭਾਵ ਹੁੰਦਾ ਹੈ ਇਸ ਸਮੇਂ ਮੈਂ ਕੁਝ ਨਮੂਨੇ ਪੇਸ਼ ਕਰਦਾ ਹਾਂ :

ਡੈਨਮਾਰਕ ਵਿੱਚ ਹੋਟਲ ਵਿੱਚ ਇਕ ਰਿਸੈਪਸ਼ਨ (Reception) ਸੀ । ਇਕ ਡੈਨਿਸ਼ ਮਹਿਮਾਨ Stenhalfmen ਕਹਿਣ ਲੱਗੇ ਕਿ ਖ਼ਲੀਫ਼ਾ ਦਾ ਭਾਸ਼ਣ ਸੁਣਕੇ ਮੈਂਨੂੰ ਬਹੁਤ ਅਧਿਕ ਸ਼ਾਂਤੀ ਪ੍ਰਾਪਤ ਹੋਈ ਹੈ ਅਤੇ ਖ਼ੁਸ਼ੀ ਹੋਈ ਕਿ ਅੱਜ ਦੇ ਇਸ ਕਾਲ ਵਿੱਚ ਅਜਿਹੇ ਸੰਦੇਸ਼ ਦੀ ਅਤਿਅੰਤ ਲੋੜ ਸੀ । ਫਿਰ ਕਹਿਣ ਲੱਗੇ ਕਿ ਰੱਬ ਕਰੇ ਕਿ ਸੈਕੰਡੇਨੇਵੀਆ ਵਿੱਚ ਖ਼ਲੀਫ਼ਾ ਦੇ ਸ਼ਬਦ ਚੰਗੇ ਰੂਪ ਵਿੱਚ ਸਮਝੇ ਜਾਣ । ਡੈਨਮਾਰਕ ਦੇ ਸ਼ਹਿਰ ਕਸਕੋਕੀ ਕੌਂਸਲ ਦੇ ਮੈਂਬਰ ਨੇ ਕਿਹਾ ਕਿ ਖ਼ਲੀਫ਼ਾ ਦਾ ਭਾਸ਼ਣ ਬਹੁਤ ਪ੍ਰਭਾਵਪੂਰਨ ਸੀ । ਮੈਂਨੂੰ ਇਹ ਜਾਣਕੇ ਬਹੁਤ ਖ਼ੁਸੀ ਹੋਈ ਹੈ ਕਿ ਲਖੱਾਂ ਮੁਸਲਮਾਨ ਬਿਨਾਂ ਕਿਸੇ ਡਰ ਦੇ ਕੇਵਲ ਦੁਨੀਆ ਵਿੱਚ ਅਮਨ ਦੀ ਸਥਪਨਾ ਲਈ ਇਕ ਚਾਨ੍ਹਣ ਮੁਨਾਰੇ ਵਾਂਗ ਖੜੇ ਹਨ ਅਤੇ ਇਹ ਉਹ ਲੋਕ ਹਨ ਜੋ ਜਮਾਤ ਅਹਮਦੀਆ ਨਾਲ ਸੰਬੰਧਤ ਹਨ ।

ਡੈਨਮਾਰਕ ਵਿੱਚ ਜਿੱਥੇ ਚਿਤੱਰਾਂ ਦੀ ਨੀਂਹ ਪਈ ਸੀ, ਉਹਨਾ ਨੂੰ ਮੈਂ ਇਹੋ ਕਿਹਾ ਸੀ ਕਿ ਇਸ ਨਾਲ ਨਫ਼ਰਤਾਂ ਪੈਦਾ ਹੋਣਗੀਆਂ ਸ਼ਾਂਤੀ ਭੰਗ ਹੋਵੇਗੀ ਤਬਾਹੀ ਤੇ ਬਰਬਾਦੀ ਆਏਗੀ ਅਤੇ ਕੁਝ ਵੀ ਪ੍ਰਾਪਤ ਨਹੀਂ ਹੋਵੇਗਾ ਤੁਹਾਨੂੰ । ਇਸ ਗੱਲ ਨੂੰ ਉਹਨਾਂ ਨੇ ਸਵੀਕਾਰ ਕੀਤਾ । ਭਾਵੇਂ ਕਿ ਇਹ ਵਿਸ਼ਾ ਅਜਿਹਾ ਹੈ ਜੋ ਸਾਡੇ ਲਈ ਬਹੁਤ ਸੰਵੇਦਨਸ਼ੀਲ ਹੈ ਕਿ ਇਹਨਾਂ ਚਿਤੱਰਾਂ ਉਪੱਰ ਗੱਲ ਕੀਤੀ ਜਾਵੇ ਪਰ ਜਿਸ ਢੰਗ ਨਾਲ ਤੁਸੀਂ ਸਮਝਾਇਆ ਹੈ ਸਾਨੂੰ ਬਹੁਤ ਚੰਗੀ ਤਰ੍ਹਾਂ ਸਮਝ ਆ ਗਿਆ ਹੈ ।

ਇਕ ਮਹਿਮਾਨ ਨੇ ਕਿਹਾ ਕਿ ਅੱਜ ਦੇ ਸੰਬੋਧਨ ਦੇ ਬਾਦ ਲੋਕਾਂ ਦੀ ਮੁਸਲਮਾਨਾਂ ਬਾਰੇ ਵਿਚਾਰਧਾਰਾ ਅਵਸ਼ ਤਬਦੀਲ ਹੋਵੇਗੀ । ਕਹਿਣ ਲਗੱਾ ਕਿ ਹੁਣ ਮੈਂ ਇਸਲਾਮ ਨੂੰ ਚੰਗੀ ਤਰ੍ਹਾਂ ਸਮਝਣ ਲਈ ਕੁਰਆਨ ਕਰੀਮ ਵੀ ਮੰਗਵਾਇਆ ਹੈ ਜਿਸ ਵਿੱਚ ਹਾਸ਼ੀਏ ਵੀ ਮੌਜੂਦ ਹਨ ਅਤੇ ਅੱਜ ਦੀ ਸ਼ਾਮ ਦੇ ਬਾਦ ਮੈਂਨੂੰ ਆਪਣੀ ਘੱਟ ਜਾਣਕਾਰੀ ਦਾ ਵੀ ਅਹਿਸਾਸ ਹੋਇਆ ਹੈ । ਕਹਿਣ ਲੱਗੇ ਕਿ ਮੈਂ ਕੁਰਆਨ ਕਰੀਮ ਵੀ ਪੜ੍ਹਾਂਗਾ ।

ਨਾਕਸਕੋ ਸ਼ਹਿਰ ਦੇ ਇਕ ਮਹਿਮਾਨ ਨੇ ਲਿੱਖਿਆ ਕਿ ਅਸੀਂ ਆਪ ਦਾ ਬਹੁਤ ਹਜ਼ਾਰਾਂ ਵਾਰੀ ਸ਼ੁਕਰਾਨਾ ਕਰਦੇ ਹਾਂ, ਕਹਿੰਦੇ ਹਨ ਕਿ ਇਹ ਕਾਨਫ਼੍ਰੰਸ ਜੀਵਨ ਭਰ ਲਈ ਇਕ ਯਾਦਗਾਰ ਸਮੇਂ ਦੇ ਰੂਪ ਵਿੱਚ ਹਮੇਸ਼ਾ ਯਾਦ ਰਹੇਗੀ ਤਜਰਬੇ ਦੇ ਰੂਪ ਵਿੱਚ ਚੇਤੇ ਰਹੇਗੀ । ਕਹਿਣ ਲੱਗੇ ਕੋਪਨਹੈਗਨ ਤੋਂ ਨਾਕਸਕੋ ਵਾਪਸੀ ਤੱਕ ਕੋਚ ਵਿੱਚ ਇਕ ਵਿਸ਼ੇਸ਼ ਵਾਤਾਵਰਣ ਸੀ ਸਾਰੀ ਯਾਤਰਾ ਵਿਚ ਇਸ ਕਾਨਫ਼੍ਰੰਸ ਬਾਰੇ ਗਲੱਾਂ ਹੁੰਦੀਆਂ ਰਹੀਆਂ ਅਤੇ ਹਰ ਕੋਈ ਇਸ ਗੱਲ ਤੋਂ ਸਹਿਮਤ ਸੀ ਕਿ ਅਸੀਂ ਬਹੁਤ ਚੰਗਾ ਦਿਨ ਲੰਘਾਇਆ ਹੈ ਅਤੇ ਸਾਨੂੰ ਬਹੁਤ ਕੁਝ ਸਿਖੱਣ ਲਈ ਮਿਲਿਆ ਹੈ ।

ਇਕ ਪਤੱਰਪ੍ਰੇਰਕ ਨੇ ਆਪਣੀਆਂ ਭਾਵਨਵਾਂ ਦਾ ਇਉਂ ਪ੍ਰਗਟਾਵਾ ਕੀਤਾ ਕਿ ਬਹੁਤ ਕੁਝ ਸਿੱਖਿਆ ਪਰ ਖ਼ਲੀਫ਼ਾ ਸਾਹਬ ਦੇ ਭਾਸ਼ਣ ਨੇ ਮੈਂਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਵਿਸ਼ੇਸ਼ ਰੂਪ ਵਿੱਚ ਇਸ ਬਾਰੇ ਕਿ ਇਸਲਾਮ ਦਾ ਜੋ ਰੂਪ ਮੀਡੀਆ ਵਿੱਚ ਦਿਖਾਇਆ ਜਾਂਦਾ ਹੈ ਉਹ ਵਾਸਤਵਿਕਤਾ ਤੋਂ ਬਹੁਤ ਵਿਪਰੀਤ ਹੈ । ਸਾਰੀਆਂ ਗਲੱਾਂ ਹੀ ਬਹੁਤ ਪਿਆਰ ਮੁਹਬੱਤ ਅਤੇ ਇਕ ਦੂਜੇ ਦੇ ਸਨਮਾਨ ਬਾਰੇ ਸਨ ਅਤੇ ਉਹਨਾਂ ਦੇ ਕਿਹਾ ਕਿ ਇਹੋ ਚੀਜਾਂ ਹੀ ਅਮਨ ਦੀ ਕੁੰਜੀਆਂ ਹਨ ।

ਇਕ ਡੈਨਿਸ਼ ਇਸਤਰੀ ਨੇ ਕਿਹਾ ਕਿ ਅੱਜ ਤੋਂ ਪਹਿਲਾਂ ਮੈਂ ਇਸਲਾਮ ਬਾਰੇ ਉਲਟ ਗਲੱਾਂ ਹੀ ਜਾਣਦੀ ਸੀ ਪਰ ਅੱਜ ਮੈਂ ਜੋ ਸੁਣਿਆ ਹੈ ਉਹ ਬਹੁਤ ਚੰਗਾ ਅਤੇ ਪ੍ਰੇਮ ਨਾਲ ਭਰਿਆ ਹੋਇਆ ਸੰਦੇਸ਼ ਸੀ । ਮੈਂ ਸਿੱਖਿਆ ਕਿ ISIS ਇਸਲਾਮ ਨਹੀਂ ਹੈ ਅਤੇ ਇਸਲਾਮ ਦੀ ਸਿੱਖਿਆ ਤਾਂ ਇਹ ਹੈ ਕਿ ਸਾਰਿਆਂ ਧਰਮਾਂ ਦੀ ਇਬਾਦਤਗਾਹਾਂ ਦੀ ਸੁਰੱਖਿਆ ਕਰਨੀ ਚਾਹੀਦੀ ਹੈ ।

ਇਕ ਹੋਰ ਡੈਨਿਸ਼ ਇਸਤਰੀ ਨੇ ਕਿਹਾ ਕਿ ਮੈਂ ਅਜਿਹੇ ਵਿਅਕਤੀ ਨੂੰ ਮਿਲੀ ਜਿਸ ਨੇ ਇਹ ਸਾਬਤ ਕਰਕੇ ਦਿਖਾ ਦਿਤੱਾ ਕਿ ਮੀਡੀਆ ਰਾਹੀਂ ਜੋ ਇਸਲਾਮ ਦਾ ਚਿਤੱਰ ਦਿਖਾਇਆ ਜਾ ਰਿਹਾ ਹੈ ਉਹ ਗ਼ਲਤ ਹੈ । ਮੈਂ ਬਹੁਤ ਭਾਵਨਾਤਮਕ ਤੇ ਜੋਸ਼ ਨਾ ਭਰ ਗਈ ਹਾਂ, ਮੈਂ ਇਕ ਅਜਿਹੇ ਵਿਅਕਤੀ ਨੂੰ ਮਿਲੀ ਹਾਂ ਜਿਸ ਨੇ ਜਿਹਾਦ ਦਾ ਅਰਥ ਸਮਝਾ ਦਿੱਤਾ ਹੈ ਮੀਡੀਆ ਦੀ ਅਜ਼ਾਦੀ ਦੀ ਰਾਏ ਅਤੇ ਦੁਨੀਆ ਵਿੱਚ ਅਮਨ ਦੇ ਸੰਤੁਲਨ ਨੂੰ ਬਣਾਈ ਰਖੱਣ ਬਾਰੇ ਮੈਂਨੂੰ ਇਹਨਾਂ ਦੀਆਂ ਗੱਲਾਂ ਬਹੁਤ ਚੰਗੀਆਂ ਲੱਗੀਆਂ ਹਨ ।

ਫਿਰ ਇਕ ਡੈਨਿਸ਼ ਮਹਿਮਾਨ ਕਹਿਣ ਲੱਗੇ ਕਿ ਖ਼ਲੀਫ਼ਾ ਨੇ ਆਪਣੇ ਸੰਬੋਧਨ ਵਿੱਚ ਕੁਰਆਨ ਕਰੀਮ ਦੇ ਹਵਾਲੇ ਦਿੱਤੇ ਇਸੇ ਗੱਲ ਤੋਂ ਪਤਾ ਲਗੱਦਾ ਹੈ ਕਿ ਇਹਨਾਂ ਦੇ ਸ਼ਬਦ ਆਪ ਘੜੇ ਨਹੀਂ ਸਗੋਂ ਹਕੀਕਤ ਉਪੱਰ ਅਧਾਰਤ ਸਨ । ਫਿਰ ਕਹਿਣ ਲੱਗੇ ਸੱਚ ਆਖਾਂ ਤਾਂ ਡੈਨਿਸ਼ ਲੋਕ ਮੁਸਲਮਾਨਾਂ ਤੋਂ ਅਤੇ ਉਹਨਾਂ ਜੰਗਾ ਤੋਂ ਜੋ ਪੂਰਬੀ ਮੱਧਏਸ਼ੀਆ ਵਿੱਚ ਹੋ ਰਹੀਆਂ ਹਨ ਬਹੁਤ ਡਰਦੇ ਹਨ, ਪਰ ਘੱਟੋ ਘੱਟ ਅੱਜ ਦੇ ਬਾਦ ਸਾਨੂੰ ਇਹ ਪਤਾ ਲੱਗ ਗਿਆ ਹੈ ਕਿ ਓਥੇ ਜੋ ਹੋ ਰਿਹਾ ਹੈ ਉਹ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਜਾਂ ਉਹਨਾਂ ਦੇ ਧਰਮ ਦੀ ਗ਼ਲਤੀ ਨਹੀਂ ਹੈ ਸਗੋਂ ਉਹਨਾਂ ਦੀ ਸਿੱਖਿਆ ਨੂੰ ਵਿਗਾੜਿਆ ਗਿਆ ਹੈ ।

ਯੂਨੀਵਰਸਿਟੀ ਦੇ ਇਕ ਵਿਦਿਆਰਥੀ ਨੇ ਕਿਹਾ ਮੈਂਨੂੰ ਅਤੇ ਸਾਰਿਆਂ ਸਰੋਤਿਆਂ'ਤੇ ਇਹ ਸਾਬਤ ਕੀਤਾ ਕਿ ਇਸਲਾਮ ਇਕ ਸ਼ਾਂਤੀ ਭਰਪੂਰ ਧਰਮ ਹੈ ਅਤੇ ਇਹ ਕੁਰਆਨ ਕਰੀਮ ਦੀਆਂ ਆਇਤਾਂ ਦੇ ਹਵਾਲਿਆਂ ਨਾਲ ਸਾਬਤ ਕੀਤਾ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦਾ ਜੀਵਨ ਅਤੇ ਉਹਨਾਂ ਦੇ ਖ਼ਲੀਫ਼ਿਆਂ ਦੀਆਂ ਉਧਾਰਣਾ ਤੋਂ

ਸਾਬਤ ਕੀਤਾ, ਇਹ ਮੈਂਨੂੰ ਬਹੁਤ ਚੰਗਾ ਲਗੱਾ ਅਤੇ ਜਮਾਤ ਅਹਮਦੀਆ ਦੇ ਉਦੇਸ਼ਿਆਂ ਨੂੰ ਵੀ ਬਹੁਤ ਚੰਗੀ ਤਰ੍ਹਾਂ ਸਪਸ਼ਟ ਕੀਤਾ ਜਿਸ ਨਾਲ ਮੈਂਨੂੰ ਸਹੀ ਇਸਲਾਮ ਨੂੰ ਸਮਝਣ ਦਾ ਮੌਕਾ ਮਿਲਿਆ ਹੈ ।

ਇਕ ਹੋਰ ਮਹਿਮਾਨ ਨੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਇਸ ਪ੍ਰਕਾਰ ਕੀਤਾ ਕਿ ਜਿਸ ਢੰਗ ਨਾਲ ਉਹਨਾਂ ਨੇ ਸਾਡੀ ਨਸਲ ਅਤੇ ਇਸ ਸਮੇਂ ਪੇਸ਼ ਆ ਰਹੀਆਂ ਸਮੱਸਿਆਵਾਂ ਬਾਰੇ ਗੱਲ ਕੀਤੀ ਹੈ ਅਤੇ ਕੁਰਆਨ ਕਰੀਮ ਨੂੰ ਬੁਨਿਆਦ ਬਣਾਕੇ ਇਹਨਾ ਸਮੱਸਿਆਵਾਂ ਦਾ ਹੱਲ ਕੱਢਿਆ ਹੈ ਉਹ ਬਹੁਤ ਹੀ ਉਚੱਤਮ ਹੈ । ਘੱਟੋ ਘੱਟ ਮੈਂਨੂੰ ਅੱਜ ਤੋਂ ਪਹਿਲਾਂ ਉਕੱਾ ਹੀ ਗਿਆਨ ਨਹੀਂ ਸੀ ਕਿ ਕੁਰਆਨ ਕਰੀਮ ਨਿਆਏ ਬਾਰੇ ਇਹਨਾ ਕੁਝ ਕਹਿੰਦਾ ਹੈ । ਫਿਰ ਕਹਿਣ ਲੱਗੇ ਕਿ ਇਸਲਾਮ ਬਾਰੇ ਮੇਰਾ ਦ੍ਰਿਸ਼ਟੀਕੋਣ ਪੂਰੀ ਤਰ੍ਹਾਂ ਬਦਲ ਗਿਆ ਹੈ । ਪਹਿਲਾਂ ਮੈਂਨੂੰ ਕੇਵਲ ਉਹੋ ਕੁਝ ਪਤਾ ਸੀ ਜੋ ਮੀਡੀਆ ਦਸੱਦਾ ਸੀ । ਅਤੇ ਇਹ ਵੀ ਚੰਗਾ ਲਗੱਾ ਕਿ ਉਹਨਾ ਨੇ ਦੱਸਿਆ ਕਿ ਪਹਿਲੇ ਕਾਲ ਦੇ ਮੁਸਲਮਾਨ ਤਾਂ ਯਹੂਦੀਆਂ ਤੇ ਈਸਾਈਆਂ ਨਾਲ ਪਿਆਰ ਦਾ ਸੁਲੂਕ ਕਰਦੇ ਸਨ । ਇਸ ਗੱਲ ਨੇ ਮੇਰੇ ਮਨ ਉਪੱਰ ਬਹੁਤ ਡੂੰਘਾ ਪ੍ਰਭਾਵ ਕੀਤਾ ਹੈ ।

ਫਿਰ ਹਿਯੂਮੈਂਨਿਸਟ ਸੋਸਾਇਟੀ ਨਾਲ ਸੰਬੰਧ ਰਖੱਣ ਵਾਲੀ ਇਕ ਇਸਤਰੀ ਕਹਿੰਦੀ ਹਨ ਕਿ ਸ਼ਾਤੀ ਭਰਪੂਰ ਸੰਦੇਸ਼ ਬਾਰੇ ਲੋਕਾਂ ਨੂੰ ਬਹੁਤ ਘੱਟ ਜਾਨਕਾਰੀ ਹੈ । ਮੀਡੀਆ ਕੇਵਲ ਬੁਰੀਆਂ ਚੀਜਾਂ ਨੂੰ ਸਾਰਹਮਣੇ ਲਿਆਉਂਦਾ ਹੈ ਅਤੇ ਚੰਗੀਆਂ ਚੀਜਾਂ ਬਾਰੇ ਕੁਝ ਨਹੀਂ ਦਸੱਦਾ । ਡੈਨਮਾਰਕ ਦਾ ਸਾਰਾ ਮੀਡੀਆ ਅੱਜ ਐਥੇ ਮੌਜੂਦ ਹੋਣਾ ਚਾਹੀਦਾ ਸੀ, ਮੈਂ ਆਪਣੇ ਦੇਸ਼ ਦੇ ਲੋਕਾਂ ਦੇ ਇਸ ਰਵਈਏ ਤੋਂ ਬਹੁਤ ਨਿਰਾਸ਼ ਹੋਈ ਹਾਂ ।

ਫਿਰ ਇਕ ਡੈਨਿਸ਼ ਇਸਤਰੀ ਕਹਿਣ ਲੱਗੀ ਕਿ ਮੈਂਨੂੰ ਇਸਲਾਮ ਬਾਰੇ ਕੁਝ ਵੀ ਪਤਾ ਨਹੀਂ ਸੀ ਪਰ ਅੱਜ ਮੈਂ ਬਹੁਤ ਕੁਝ ਸਿੱਖਿਆ ਹੈ ਅਤੇ ਮੈਂ ਖ਼ੁਸ਼ ਹਾਂ ਕਿ ਇਸ ਪੱਖੋਂ ਆਪ ਦੇ ਖ਼ਲੀਫ਼ਾ ਮੇਰੇ ਗੁਰੂ ਹਨ । ਫਿਰ ਉਹਨਾਂ ਨੇ ਕਿਹਾ ਕਿ ਖ਼ਲੀਫ਼ਾ ਦਾ ਸੰਦੇਸ਼ ਪੂਰੇ ਡੈਨਮਾਰਕ ਵਿੱਚ ਫੈਲਾਉਂਣਾ ਚਾਹੀਦਾ ਹੈ । ਸਾਨੂੰ ਉਹਨਾਂ ਦੇ ਸੰਦੇਸ਼ ਨੂੰ ਮਨ੍ਹੰਣਾ ਹੋਵੇਗਾ ਅਤੇ ਉਹਨਾਂ ਤੋਂ ਸਿਖੱਣਾ ਹੋਵੇਗਾ । ਮੈਂਨੂੰ ਲਗੱਦਾ ਸੀ ਕਿ ਸਾਰੇ ਮੁਸਲਮਾਨ ਤਸ਼ਦੱਦ ਵਾਲੇ ਹੁੰਦੇ ਹਨ, ਪਰ ਹੁਣ ਮੈਂਨੂੰ ਅਜਿਹੇ ਵਿਚਾਰ ਰਖੱਣ ਵਿੱਚ ਬਹੁਤ ਸ਼ਰਮ ਅਨੁਭਵ ਹੋ ਰਹੀ ਹੈ ।

ਇਕ ਡੈਨਿਸ਼ ਰਾਜਨੀਤਿਕ ਕੇਮਲੋਫ਼ਨ ਨੇ ਕਿਹਾ ਕਿ ਆਪ ਦੇ ਖ਼ਲੀਫ਼ਾ ਇਹ ਗੱਲ ਬਹੁਤ ਸਪਸ਼ਟ ਕਰਦੇ ਹਨ ਕਿ ਇਸਲਾਮ ਸਾਰਿਆਂ ਧਰਮਾ ਨੂੰ ਆਜ਼ਾਦੀ ਦਿੰਦਾ ਹੈ । ਕਹਿਣ ਲਗੇ ਕਿ ਦੁਨੀਆ ਨੂੰ ਖ਼ਲੀਫ਼ਾ ਦੀ ਅਵਾਜ਼ ਸੁਣਨ ਦੀ ਲੋੜ ਹੈ, ਉਹਨਾਂ ਦੇ ਸ਼ਬਦਾਂ ਨੂੰ ਦੂਰ ਦੂਰ ਤੱਕ ਫੈਲਾਉਂਣਾ ਚਾਹੀਦਾ ਹੈ । ਸ਼ਾਇਦ ਆਪ ਇਕ ਛੋਟੀ ਜਿਹੀ ਜਮਾਤ ਹੋਵੋਗੇ ਪਰ ਆਪ ਦਾ ਸੰਦੇਸ਼ ਬਹੁਤ ਵਡੱਾ ਹੈ ।

ਇਕ ਡੈਨਿਸ਼ ਮਹਿਮਾਨ ਜੋ ਟੀਚਰ ਹਨ ਕਹਿਣ ਲੱਗੀਂ ਅੱਜ ਮੈਂ ਇਸਲਾਮ ਬਾਰੇ ਬਹੁਤ ਕੁਝ ਸਿੱਖਿਆ ਹੈ ਅਤੇ ਮੈਂ ਆਪਣੇ ਵਿਦਿਆਰਥੀਆਂ ਨੂੰ ਜਾਕੇ ਉਹ ਸਭ ਕੁਝ ਦਸੱਾਂ ਗੀ ਜੋ ਮੈਂ ਆਪਦੇ ਖ਼ਲੀਫ਼ਾ ਸਾਹਬ ਨੂੰ ਕਹਿੰਦਿਆਂ ਸੁਣਿਆ ਹੈ । ਸਾਨੂੰ ਇਸਲਾਮ ਤੋਂ ਨਹੀਂ ਸਗੋਂ ਦਹਿਸ਼ਤਗਰਦੀ ਤੇ ਕਟੱੜਵਾਦ ਤੋਂ ਰੁਕਣਾ ਚਾਹੀਦਾ ਹੈ ਅਤੇ ਇਸਲਾਮ ਤੇ ਦਹਿਸ਼ਤਗਰਦੀ ਦੋਂਵੇ ਇਕ ਦੂਜੇ ਤੋਂ ਅੱਡਰੇ ਹਨ ।

ਮਾਲਮੋ ਵਿਚ ਵੀ 140 ਤੋਂ ਅਧਿਕ ਮਹਿਮਾਨ ਸ਼ਮਾਲ ਹੋਏ ਮਸਜਿਦ ਦੇ ਉਧਘਾਟਨ ਵਿੱਚ ਅਤੇ ਮੈਂਬਰ ਪਾਰਲੀਮੈਂਟ ਮਾਲਮੋਸਟੀ ਦੇ ਮੇਅਰ, ਪੁਲਿਸ ਚੀਫ਼, ਸਿਟੀ ਚਰਚ ਦੇ ਨੁਮਾਇੰਦੇ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਅਤੇ ਵੱਖ ਵੱਖ ਵਿਭਾਗਾਂ ਨਾਲ ਸੰਬੰਧ ਰਖੱਣ ਵਾਲੇ ਲੋਕ ।

ਇਖ ਯਹੂਦੀ ਮਹਿਮਾਨ ਨੇ ਕਿਹਾ ਕਿ ਅੱਜ ਦਾ ਇਹ ਦਿਨ ਮੇਰੇ ਲਈ ਬਹੁਤ ਗਿਆਨ ਭਰਪੂਰ ਸੀ ਕਿਉਂਕਿ ਮੈਂ ਇਸਲਾਮ ਬਾਰੇ ਬਹੁਤ ਕੁਝ ਸਿੱਖਿਆ ਹੈ । ਮੈਂ ਇਕ ਮੁਸਲਮਾਨ ਰਹਿਨੁਮਾ (ਮਾਰਗਦਰਸ਼ਕ) ਦੇ ਕੇਵਲ ਤੇ ਕੇਵਲ ਪਿਆਰ ਭਰੇ ਸੰਦੇਸ਼ ਨੂੰ ਸੁਣਕੇ ਹੈਰਾਨ ਰਹਿ ਗਿਆ ਹਾਂ ।

ਇਕ ਇਸਤਰੀ ਜੋ ਕਿ ਈਸਾਈ ਪ੍ਰੀਸਟ ਹਨ ਹਸਪਤਾਲ ਵਿੱਚ ਕੰਮ ਕਰਦੀ ਹਨ ਨੇ ਕਿਹਾ ਕਿ ਆਪ ਦੇ ਖ਼ਲੀਫ਼ਾ ਦੇ ਭਾਸ਼ਣ ਨੇ ਮੈਂਨੂੰ ਹਿਲਾ ਦਿਤੱਾ ਹੈ, ਮੈਂ ਬਹੁਤ ਭਾਵਨਾਤਮਕ ਹੋ ਗਈ ਹਾਂ, ਅੱਜ ਮੈਂ ਇਕ ਮੁਸਲਮਾਨ ਸਰਬਰਾਹ ਨੂੰ ਕੇਵਲ ਅਮਨ ਬਾਰੇ ਬਾਰੇ ਬੋਲਦੇ ਸੁਣਿਆ ਅਤੇ ਉਹਨਾਂ ਨੇ ਮੈਂਨੂੰ ਦੱਸਿਆ ਕਿ ਇਸਲਾਮ ਮਾਨਵਤਾ ਦੀ ਸੇਵਾ ਦਾ ਧਰਮ ਹੈ । ਉਹਨਾਂ ਦੇ ਭਾਸ਼ਣ ਦਾ ਇਹ ਵੱਧੀਆ ਭਾਗ ਇਹ ਸੀ ਕਿ ਉਹਨਾਂ ਨੇ ਕਿਹਾ ਕਿ ਮਨੁੱਖਤਾਂ ਨੂੰ ਆਪਣੇ ਖ਼ਾਲਕ (ਪੈਦਾ ਕਰਨ ਵਾਲੇ) ਨੂੰ ਪਛਾਨਣਾ ਹੋਵੇਗਾ ਅਤੇ ਰੱਬ ਉਪੱਰ ਪਕੱਾ ਯਕੀਨ ਰਖੱਣਾ ਚਾਹੀਦਾ ਹੈ, ਇਹੋ ਮੇਰਾ ਵੀ ਦ੍ਰਿਸ਼ਟੀਕੋਣ ਹੈ ।

ਮਾਲਮੋ ਸ਼ਹਿਰ ਦੇ ਮੇਅਰ ਏਂਡਰਸਨ ਸਾਹਬ ਨੇ ਕਿਹਾ ਇਸ ਮਸਜਿਦ ਨੂੰ ਅਸੀਂ ਇਸ ਸ਼ਹਿਰ ਵਿੱਚ ਸ਼ਾਂਤੀ ਦਾ ਪ੍ਰਤੀਕ ਤੇ ਇੰਟਿਗ੍ਰੇਸ਼ਨ ਦਾ ਸਾਧਨ ਸਮਝਦੇ ਹਾਂ ।

ਇਕ ਪਤੱਰਪ੍ਰੇਰਕ ਨੇ ਕਿਹਾ ਕਿ ਬਹੁਤ ਹੈਰਾਨੀ ਹੈ ਕਿ ਇਸ ਮਸਜਿਦ ਦੇ ਖਰਚੇ ਲੋਕਾਂ ਨੇ ਆਪਣੀ ਜੇਬ ਵਿੱਚੋਂ ਕੀਤੇ । ਇਹ ਗੱਲ ਮੇਰੇ ਲਈ ਅਤਿਅੰਤ ਹੈਰਾਨੀ ਦਾ ਸਬਬ ਸੀ ਕਿਉਂਕਿ ਇਹ ਕੋਈ ਮਮੂਲੀ ਰਕਮ ਨਹੀਂ ਸੀ ਸਗੋਂ ਤੀਹ ਮਿਲੀਯਨ ਕਰੋਨਰ ਦੀ ਗੱਲ ਹੈ ।

ਇਕ ਮਹਿਮਾਨ ਜੋ ਮਾਲਮੋ ਯੂਨੀਵਰਸਿਟੀ ਵਿੱਚ ਪੜ੍ਹਾਉਂਦੇ ਹਨ ਕਹਿਣ ਲੱਗੇ ਖ਼ਲੀਫ਼ਾ ਦਾ ਭਾਸ਼ਣ ਅਤਿਅੰਤ ਪ੍ਰਭਾਵਪੂਰਨ ਸੀ । ਅਮਨ ਪਿਆਰ ਮੁਹਬੱਤ ਮਿਕਲਵਰਤਨ ਦਾ ਅਤਿਅੰਤ ਪ੍ਰਭਾਵੀ ਤੇ ਅੰਤਰ ਰਾਸ਼ਟਰੀ ਸੰਦੇਸ਼ ਸਾਨੂੰ ਦਿਤੱਾ ਹੈ ।

ਇਸੇ ਪ੍ਰਕਾਰ ਇਸਲਾਮਿਯਾਤ ਦੇ ਪ੍ਰੋਫ਼ੈਸਰ ਵੀ ਆਏ ਹੋਏ ਸਨ ਕਹਿਣ ਲੱਗੇ ਕਿ ਖ਼ਲੀਫ਼ਾ ਸਾਹਬ ਨਾ ਭਾਸ਼ਣ ਅਤਿਅੰਤ ਮਨਮੋਹਕ ਅਤੇ ਆਪਣੇ ਅੰਦਰ ਪ੍ਰਭਾਵ ਰਖੱਣ ਵਾਲਾ ਸੀ ।

ਸਵੀਡਿਸ਼ ਅਦਾਰੇ ਚਰਚ ਆਫ਼ ਸੈਂਟਾਲੋਜੀ ਦੀ ਚੀਫ਼ ਫ਼ਾਰ ਇੰਫ਼ਰਮੇਸ਼ਨ ਵੀ ਆਏ ਹੋਏ ਸਨ ਕਹਿਣ ਲੱਗੇ ਖ਼ਲੀਫ਼ਾ ਨੇ ਆਪਣੇ ਭਾਸ਼ਣ ਵਿੱਚ ਇਕ ਵਾਕ ਜੋ ਕਿਹਾ ਉਹ ਮੈਂਨੂੰ ਬਹੁਤ ਚੰਗਾ ਲਗੱਾ ਅਤੇ ਉਹ ਵਾਕ ਇਹ ਸੀ ਕਿ ਇਕ ਵੱਡੇ ਲਾਭ ਲਈ ਸਾਨੂੰ ਆਪਣੇ ਵਿਅਕਤੀਗੱਤ ਹਿੱਤ ਇਕ ਪਾਸੇ ਕਰਨੇ ਚਾਹੀਦੇ ਹਨ ।

ਇਕ ਸਜਣ ਮਾਈਕਲ ਜਿੰਨ੍ਹਾ ਤੇ ਮਾਤਾ ਪਿਤਾ ਪੋਲੁਸ਼ ਹਨ ਸਵੀਡਨ ਵਿੱਚ ਰਹਿੰਦੇ ਹਨ ਕਹਿਣ ਲੱਗੇ ਕਿ ਭਾਸ਼ਣ ਹਰ ਪੱਖੋਂ ਪੂਰਨ ਸੀ ਇਸ ਵਿੱਚ ਅਮਨ ਅਤੇ ਇਕ ਦੂਜੇ ਦੀ ਮਦਦ ਕਰਨ ਦਾ ਸੰਦੇਸ਼ ਸੀ । ਕਹਿਣ ਲਗੱਾ ਕਿ ਮੈਂ ਰੱਬ ਉਪੱਰ ਯਕੀਨ ਰਖੱਦਾ ਹਾਂ ਪਰ ਏਥੇ ਅਧਿਕਤਰ ਲੋਕ ਸਾਧਾਰਣਤਾ ਦੂਜੇ ਜੋ ਲੋਕ ਹਨ ਉਹ ਨਹੀਂ ਰਖੱਦੇ, ਇਸ ਲਈ ਮੈਂ ਬਹੁਤ ਫ਼ਖ਼ਰ ਅਨੁਭਵ ਕਰ ਰਿਹਾ ਹਾਂ ਕਿ ਅਜਿਹਾ ਮਨੁੱਖ ਸਵੀਡਨ ਵਿੱਚ ਆਇਆ ਜੋ ਰੱਬ ਉਪੱਰ ਇਕ ਖ਼ਾਲਕ ਉਪੱਰ ਵਿਸ਼ਵਾਸ ਰਖੱਦਾ ਹੈ ।

ਇਕ ਸਵੀਡਿਸ਼ ਮਹਿਮਾਨ ਨੇ ਆਪਣੇ ਵਿਚਾਰਾਂ ਦਾ ਪ੍ਰਗਟਵਾ ਕੀਤਾ ਕਿ ਇਸ ਸ਼ਾਮ ਨੇ ਮੈਂਨੂੰ ਬੇਹੱਦ ਪ੍ਰਭਾਵਤ ਕੀਤਾ ਹੈ ਅਤੇ ਮੈਂ ਸਿੱਖਿਆ ਕਿ ਇਸਲਾਮ ਕੀ ਹੈ । ਖ਼ਲੀਫ਼ਾ ਨੇ ਕੁਝ ਹੀ ਮਿੰਟਾ ਵਿੱਚ ਅਨੇਕਾਂ ਹੀ ਵਿਸ਼ਿਆਂ ਉਪੱਰ ਗੱਲ ਕੀਤੀ ਹੈ ਅਤੇ ਇਸਲਾਮ ਦੀ ਇਸ ਢੰਗ ਨਾਲ ਪ੍ਰਤੀਰੱਖਿਆ ਕੀਤੀ ਹੈ ਕਿ ਜੋ ਮੈਂ ਪਹਿਲਾਂ ਕਦੇ ਨਹੀਂ ਸੁਣੀ ।

ਇਕ ਈਸਾਈ ਪਾਦਰੀ ਕਹਿਣ ਲੱਗੇ ਕਿ ਮੈਂਨੂੰ ਆਪ ਦੇ ਖ਼ਲੀਫ਼ਾ ਦੇ ਭਾਸ਼ਣ ਦੀ ਹਰ ਪੱਖੋਂ ਸਹਿਮਤੀ ਹੈ ਵਿਸ਼ੇਸ਼ ਕਰਕੇ ਮੈਂਨੂੰ ਉਹਨਾਂ ਦੀ ਇਹ ਗੱਲ ਪਸੰਦ ਆਈ ਹੈ ਕਿ ਸਾਨੂੰ ਰੱਬ ਨੂੰ ਚੇਤੇ ਰਖੱਣਾ ਚਾਹੀਦਾ ਹੈ ਅਤੇ ਇਹੋ ਧਰਮ ਦੀ

ਨੀਂਹ ਹੈ, ਭਾਵ ਇਹ ਕਿ ਉਹਨਾਂ ਨੇ ਅਰੰਭ ਵਿੱਚ ਜੋ ਕੁਰਆਨ ਪੜ੍ਹਿਆ ਤਾਂ ਮੈਂਨੂੰ ਉਹ ਬਹੁਤ ਰੂਹਾਨੀ ਤੇ ਹਿਲਾ ਦੇਣ ਵਾਲਾ ਲੱਗਿਆ ।

ਹਜ਼ੂਰ ਨੇ ਫ਼ਰਮਾਇਆ : ਇਸ ਪ੍ਰਕਾਰ ਦੇ ਮਹਿਮਾਨਾ ਦੇ ਬਹੁਤ ਸਾਰੇ ਪ੍ਰਭਾਵਪੂਰਨ ਵਿਚਾਰ ਹਨ । ਬੁੱਧਿਸਟ ਵੀ ਹਨ ਈਸਾਈ ਵੀ ਹਨ ਅਤੇ ਸਾਰਿਆਂ ਨੇ ਇਸ ਗੱਲ ਦਾ ਪ੍ਰਗਟਾਵਾ ਕੀਤਾ ਕਿ ਇਸਲਾਮ ਦੀ ਸਿੱਖਿਆ ਅਤੇ ਹਜ਼ਰਤ ਮਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਜੀਵਨ ਸ਼ੈਲੀ ਉਹ ਨਿਸ਼ਚੇ ਹੀ ਕਟੱੜਵਾਦ ਦੇ ਵਿਰੁਧ ਹੈ ।

ਇਕ ਮੈਂਬਰ ਆਫ਼ ਪਾਰਲੀਮੈਂਟ ਨੇ ਕਿਹਾ ਕਿ ਖ਼ਲੀਫ਼ਾ ਨੂੰ ਹਰ ਥਾਂ ਅਤੇ ਹਰ ਪਲੇਟਫ਼ਾਰਮ ਉਪੱਰ ਇਸਲਾਮ ਦੀ ਨੁਮਾਇੰਦਗੀ ਕਰਨੀ ਚਾਹੀਦੀ ਹੈ ਅਤੇ ਲੋਕਾਂ ਨੂੰ ਇਹਨਾਂ ਦੀਆਂ ਗੱਲਾਂ ਸੁਣਨੀਆਂ ਚਾਹੀਦੀਆਂ ਹਨ । ਜੇਕਰ ਕਿਸੇ ਨੂੰ ਇਸਲਮ ਦਾ ਕੁਝ ਵੀ ਖ਼ੋਫ਼ ਹੋਵੇਗਾ ਤਾਂ ਉਹ ਅੱਜ ਦੂਰ ਹੋਗਿਆ ਹੋਵੇਗਾ ।

ਹੁਜ਼ੂਰ ਪੁਰ ਨੂਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਆਪਣੇ ਜੁਮਏ ਦੇ ਖ਼ੁਤਬੇ ਦੇ ਅੰਤ ਵਿੱਚ ਫ਼ਰਮਾਇਆ ਕਿ ਰੱਬ ਦੀ ਮਿਹਰ ਨਾਲ ਰੇਡੀਓ, ਟੈਲੀਵੀਜ਼ਨ ਅਤੇ ਅਖ਼ਬਾਰਾਂ ਰਾਹੀਂ ਲਖੱਾਂ ਹੀ ਲੋਕਾਂ ਤੱਕ ਇਸਲਾਮ ਦਾ ਹਕੀਕੀ ਸੰਦੇਸ਼ ਪਹੁੰਚਿਆ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ, ਜੇਕਰ ਅਸੀਂ ਆਪਣੇ ਸਾਧਨਾ ਨੂੰ ਦੇਖੀਏ ਤਾਂ ਇਸ ਗੱਲ ਦੀ ਕਲਪਨਾ ਵੀ ਨਹੀਂ ਕਰ ਸਕਦੇ ਕਿ ਐਨ੍ਹੀ ਵੱਡੀ ਗਿਣਤੀ ਤੱਕ ਇਲਾਮ ਦਾ ਸੰਦੇਸ਼ ਪਹੁੰਚਾ ਸਕਦੇ ਹਾਂ, ਪਰ ਜੱਦ ਰੱਬ ਦੀ ਤਕਦੀਰ ਨੇ ਇਹ ਨਿਰਣਾ ਕਰ ਲਿਆ ਹੋਵੇ ਕਿ ਉਸ ਨੇ ਇਹ ਸੰਦੇਸ਼ ਦੁਨੀਆ ਦੇ ਕੰਢਿਆ ਤੱਕ ਪਹੁੰਚਾਉਂਣਾ ਹੈ ਤਾਂ ਫਿਰ ਇਹਨਾਂ ਤਰੱਕੀਆਂ ਨੂੰ ਕੌਣ ਹੈ ਜੋ ਰੋਕ ਸਕਦਾ ਹੈ ਕੋਈ ਸੰਸਾਰਕ ਸ਼ਕਤੀ ਰੋਕ ਨਹੀਂ ਸਕਦੀ ਅਤੇ ਰੱਬ ਤੋਂ ਸਾਨੂੰ ਦੁਆ ਕਰਨੀ ਚਾਹੀਦੀ ਹੈ ਕਿ ਅਲੱਾਹ ਤਆਲਾ ਹਰ ਅਹਮਦੀ ਨੂੰ ਹਮੇਸ਼ਾ ਵਫ਼ਾਦਾਰੀ ਨਾਲ ਖ਼ਿਲਾਫ਼ਤੇ ਅਹਮਦੀਆ ਨਾਲ ਸਲੰਗਤ ਰੱਖੇ ਅਤੇ ਅਸੀਂ ਰੱਬ ਦੇ ਵਾਦਿਆਂ ਨੂੰ ਹੋਰ ਵੀ ਸ਼ਾਨ ਨਾਲ ਛੇਤੀ ਤੋਂ ਛੇਤੀ ਪੂਰਾ ਹੁੰਦਿਆ ਦੇਖ ਸਕੀਏ ।

**Khulasa Khutba 27.05.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131